**M.A. PART-I, SEMESTER-I**

**Paper-II (Option-I) HISTORY OF THE WORLD (1500-1815)**

# ਆਧੁਨਿਕ ਯੁੱਗ ਦਾ ਉਥਾਨ- ਪੁਨਰਜਾਗਰਣ

# (Rise of Modern AGE-Renaissance)

**ਪੁਨਰਜਾਗਰਣ ਦੀ ਪਰਿਭਾਸ਼ਾ (Definition of the Renaissance)** :-ਰਿਨੇਸਾਂਸ ਫਰਾਂਸੀਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਪੁਨਰ ਜਾਗ੍ਰਿਤੀ ਜਾਂ ਪੁਨਰ ਜਨਮ ਹੈ। ਇਸ ਦਾ ਸੀਮਤ ਅਰਥ ਯੂਨਾਨ ਅਤੇ ਰੋਸ ਦੇ ਪੁਰਾਤਨ ਸਾਹਿਤ ਦਾ ਅਧਿਐਨ ਕਰਨਾ ਸੀ। ਪ੍ਰੰਤੂ ਆਮ ਕਰਕੇ ਇਹ 14ਵੀਂ ਤੋ 17ਵੀਂ ਸਦੀ ਦਰਮਿਆਨ ਉਸ ਸਮੇਂ ਦੇ ਵਿਦਵਾਨਾਂ, ਇਤਿਹਾਸਕਾਰਾਂ ਸਾਹਿਤਕਾਰਾਂ, ਫਿਲਾਸਫਰਾਂ, ਮੂਰਤੀਕਾਰਾਂ ਨੇ ਰੋਮਨ ਸਾਹਿਤ ਦਾ ਨਵੇਂ ਸਿਰੇ ਤੋਂ ਅਧਿਐਨ ਕਰਕੇ ਨਵੇਂ ਨਵੇਂ ਵਿਚਾਰਾਂ ਨੂੰ ਲੋਕਾਂ ਦੇ ਸਾਹਮਣੇ ਲਿਆਂਦਾ। ਇਸ ਨਾਲ ਪੁਨਰ ਜਾਗਰਣ ਦਾ ਰਸਤਾ ਸਾਫ ਹੋਇਆ, ਉਹ ਚੀਜਾਂ ਜੋ ਮੱਧ ਕਾਲ ਨਾਲ ਸਬੰਧਿਤ ਸਨ। ਉਹ ਖਤਮ ਹੁੰਦੀਆਂ ਗਈਆਂ ਜੋ ਆਧੁਨਿਕ ਕਾਲ ਨਾਲ ਸਬੰਧਿਤ ਚੀਜਾਂ ਸਨ ਉਹ ਪ੍ਰਗਟ ਹੁੰਦੀਆਂ ਗਈਆਂ। ਉਹ ਸਮੂਹਿਕ ਪਰਿਵਰਤਨਾਂ ਦਾ ਸੂਚਕ ਹੈ ਜਿਹੜੇ ਪੰਦਰ੍ਹਵੀ ਅਤੇ ਸੋਲਵੀਂ ਸਦੀ ਦੇ ਯੂਰਪ ਵਿੱਚ ਆਏ। ਸਿੱਟੇ ਵਜੋਂ ਆਧੁਨਿਕ ਯੁੱਗ ਨੇ ਮੱਧ ਕਾਲ ਦੀ ਥਾਂ ਲੈ ਲਈ। ਯੂਰਪ ਦਾ ਮੱਧ ਕਾਲ ਪੂਰੀ ਤਰ੍ਹਾਂ ਹਨੇਰ ਭਰਿਆ ਯੁੱਗ ਤਾਂ ਨਹੀਂ ਆਖਿਆ ਜਾ ਸਕਦਾ ਪਰ ਇਸ ਕਾਲ ਦੇ ਅਖੀਰ ਦੇ ਨੇੜੇ-ਤੇੜੇ ਅਜਿਹੇ ਹਾਲਾਤ ਜਰੂਰ ਪੈਦਾ ਹੋਏ, ਜਿਨ੍ਹਾਂ ਨੇ ਮਨੁੱਖ ਨੂੰ ਜਾਗਰੂਕ ਬਣਾਇਆ। ਮੱਧ ਕਾਲ ਦੇ ਵਿਚਾਰ ਅਤੇ ਆਦਰਸ਼ ਜਾਂਦੇ ਰਹੇ ਅਤੇ ਨਵੇਂ ਯੁੱਗ ਦਾ ਜਨਮ ਹੋਇਆ,ਜਿਸ ਵਿੱਚ ਮਨੁੱਖ ਤਰਕਸ਼ੀਲ ਢੰਗ ਨਾਲ ਸੋਚਣ ਲੱਗ ਪਏ।

ਵੱਖ-ਵੱਖ ਵਿਦਵਾਨਾਂ ਅਤੇ ਖੋਜੀਆਂ ਨੇ ਪੁਨਰਜਾਗਰਣ ਨੂੰ ਆਪਣੇ-ਆਪਣੇ ਨਜ਼ਰੀਏ ਅਨੁਸਾਰ ਪਰਿਭਾਸ਼ਿਤ ਕੀਤਾ ਹੈ:-

ਪ੍ਰਸਿੱਧ ਇਤਿਹਾਸਕਾਰ **ਐਚ.ਏ.ਡੇਵੀਜ਼** ਦੇ ਕਥਨ ਅਨੁਸਾਰ "ਪੁਨਰਜਾਗਰਣ ਤੋਂ ਭਾਵ ਮਨੁੱਖ ਦੇ ਸਾਹਸੀ ਤੇ ਸੁਤੰਤਰਤੀ ਪ੍ਰੇਮੀ ਵਿਚਾਰਾਂ ਦਾ ਨਵਾਂ ਜਨਮ ਹੈ ਜੋ ਮੱਧ ਕਾਲ ਵਿੱਚ ਧਾਰਮਿਕ ਸ਼ਕਤੀ ਦਾ ਕੈਦ ਦੀਆਂ ਜੰਜੀਰਾਂ ਵਿੱਚ ਹੋਏ ਸਨ।"

**"The word Renaissance signifies the rebirth of the freedom loving, adventurous thought of man. Which during the Middle Ages, had been fettered and imprisoned by religious authority." H.A.Davies.**

ਇਤਿਹਾਸਕਾਰ ਹੇਜ਼ (**Hayes**) ਦੇ ਸ਼ਬਦਾਂ ਵਿੱਚ, "ਪੁਨਰਜਾਗਰਣ ਸ਼ਬਦ, ਜਿਸਦਾ ਸ਼ਬਦੀ ਅਰਥ ਪੁਨਰ ਜਨਮ ਹੈ ਦੀ ਵਰਤੋਂ ਬਦਕਿਸਮਤੀ ਨਾਲ ਮੱਧਕਾਲ ਦੇ ਆਧੁਨਿਕ ਸਮੇਂ ਵਿੱਚ ਬਦਲਾਵ ਹੋਣ ਦੇ ਸਮੁੱਚੇ ਸਮੇਂ ਲਈ ਕੀਤੀ ਜਾਣ ਲੱਗੀ।"

**(" The word 'Renaissance' meaning rebirth has frequently been employed to describe the whole Period of transition from middle ages to modern times.") Hayes**

ਪੁਨਰਜਾਗਰਣ ਦੇ ਉਭਾਰ ਦੇ ਕਾਰਣ **(Causes of the Rise of Renaissance)**

1. **ਧਰਮ ਯੁੱਧ (Crusades) 11ਵੀਂ** ਸਦੀ ਦੇ ਅੰਤ ਤੋਂ ਲੈ ਕੇ **13ਵੀਂ** ਸਦੀ ਦੇ ਮੱਧ ਤੱਕ ਈਸਾਈ ਮਤ ਦੇ ਪਵਿੱਤਰ ਸਥਾਨ ਜੇਰੂਸਲੇਮ ਦੇ ਕਾਰਨ ਮੁਸਲਮਾਨਾਂ ਅਤੇ ਈਸਾਈਆਂ ਵਿਚਕਾਰ ਲਗਾਤਾਰ ਯੁੱਧ ਲੜੇ ਗਏ। ਇਹਨਾਂ ਨੂੰ ਧਰਮ ਯੁੱਧ ਦਾ ਨਾਮ ਦਿੱਤਾ ਜਾਂਦਾ ਹੈ। ਇਹਨਾਂ ਯੁੱਧਾਂ ਦੇ ਦੋਰਾਨ ਪੱਛਮੀ ਦੇਸ਼ਾਂ ਦੇ ਵਿਦਵਾਨ ਪੂਰਬੀ ਦੇਸ਼ਾਂ ਦੀ ਸੱਭਿਅਤਾ ਦੇ ਸੰਪਰਕ ਵਿੱਚ ਆਏ। ਇਸ ਨਾਲ ਉਹਨਾਂ ਦਾ ਬੋਧਿਕ ਪੱਧਰ ਵਧੇਰੇ ਉਨੱਤ ਹੋ ਗਿਆ। ਉਹਨਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਕਿ ਉਹਨਾਂ ਦਾ ਜੀਵਨ ਸੀਮਿਤ ਹੈ। ਮੱਧ ਯੁੱਗ ਵਿੱਚ ਅਕਸਰ ਲੋਕਾਂ ਦਾ ਵਿਸ਼ਵਾਸ ਸੀ ਕਿ ਵਿਅਕਤੀ ਦੇ ਇਸ ਲੋਕ ਅਤੇ ਪ੍ਰਲੋਕ ਦੀਆਂ ਸਾਰੀਆਂ ਜ਼ਰੂਰਤਾਂ ਕੇਵਲ ਚਰਚ ਅਤੇ ਈਸਾਈ ਧਰਮ ਦੁਆਰਾ ਪੂਰੀਆਂ ਹੋ ਸਕਦੀਆ ਹਨ। ਧਰਮ ਯੁੱਧਾਂ ਨੇ ਯੂਰਪ ਨੂੰ ਨਵੀਨਤਾ ਪ੍ਰਧਾਨ ਕੀਤੀ। ਇਸ ਤਰ੍ਹਾਂ ਸਪੱਸ਼ਟ ਹੈ ਕਿ ਧਰਮ ਯੁੱਧਾਂ ਨੇ ਨਵੀਨ ਵਿਚਾਰਾਂ ਅਤੇ ਧਾਰਨਾਵਾਂ ਪ੍ਰਸਾਰ ਕੀਤਾ ਅਤੇ ਪੁਰਾਣੇ ਵਿਚਾਰਾਂ, ਵਿਸ਼ਵਾਸਾ ਅਤੇ ਸੰਸਥਾਵਾਂ ਤੇ ਹਮਲਾ ਕੀਤਾ। ਫਲਸਰੂਪ ਪੁਨਰ ਜਾਗਰਣ ਦਾ ਆਰੰਭ ਹੋਇਆ।
2. **ਸਾਮੰਤਵਾਦ ਦਾ ਪਤਨ (Decline of Feudalism)** ਸਾਮੰਤਵਾਦ ਦਾ ਪਤਨ ਪੂਨਰ ਜਾਗਰਣ ਦੇ ਉੱਥਾਨ ਲਈ ਮਹੱਤਵਪੂਰਨ ਕਾਰਨਾਂ ਵਿੱਚੋਂ ਇੱਕ ਸੀ। ਮੱਧਕਾਲੀਨ ਸਮਾਜ ਦੀ ਇੱਕ ਮਹੱਤਵਪੂਰਨ ਵਿਸ਼ੇਸ਼ਤਾ ਸਾਮੰਤੀ ਪ੍ਰਥਾ ਸੀ ਪਰੰਤੂ **14ਵੀਂ ਸਦੀਂ** ਤੋਂ ਬਾਅਦ ਇਸ ਦਾ ਪਤਨ ਹੋਣਾ ਆਰੰਭ ਹੋ ਗਿਆ ਸੀ। ਇਸ ਦਾ ਪਤਨ ਮੱਧ ਵਰਗ ਦੀ ਸ਼ਕਤੀ ਦੇ ਕਾਰਨ ਹੋਇਆ। ਇਸ ਮੱਧ ਵਰਗ ਨੇ ਆਪਣੇ ਆਪਣੇ ਸਮਰਾਟਾਂ ਨੂੰ ਸੈਨਾ ਦੇ ਸੰਗਠਨ ਦੇ ਲਈ ਜ਼ਰੂਰੀ ਧਨ ਰਾਸ਼ੀ ਪ੍ਰਧਾਨ ਕੀਤੀ ਸੀ ਜਿਸ ਕਾਰਨ ਸਮਰਾਟ ਸਾਮੰਤਾਂ ਤੇ ਨਿਰਭਰ ਨਾ ਰਹੇ। ਵਪਾਰ ਅਤੇ ਵੰਣਜ ਤੇ ਵੀ ਇਸੇ ਮੱਧ ਵਰਗ ਦਾ ਅਧਿਕਾਰ ਹੋ ਗਿਆ। ਜਿਸ ਨਾਲ ਮੱਧ ਵਰਗ ਦੇ ਵਪਾਰੀਆਂ ਨੂੰ ਬਹੁਤ ਲਾਭ ਹੋਇਆ। ਪਰ ਸਾਮੰਤਾਂ ਦੀ ਭੂਮੀ ਦੇ ਕਰਾਏ ਵਿੱਚ ਕੋਈ ਵਾਧਾ ਨਾ ਹੋਇਆ। ਇਸ ਲਈ ਸਾਮੰਤਾਂ ਨੂੰ ਇਹਨਾਂ ਵਪਾਰੀਆ ਤੋਂ ਕਰਜ਼ੇ ਲੈਣੇ ਅਤੇ ਕਈ ਸਾਮੰਤ ਦੀਵਾਲੀਆਂ ਹੋ ਗਏ ਅਤੇ ਉਹਨਾਂ ਨੂੰ ਆਪਣੀਆਂ ਜ਼ਮੀਨਾ ਵੇਚਣੀਆਂ ਪਈਆਂ । ਨਤੀਜੇ ਵਜੋਂ ਸਾਮੰਤਵਾਦ ਨੂੰ ਭਾਰੀ ਧੱਕਾ ਲੱਗਿਆ ਅਤੇ ਉਸ ਦਾ ਪਤਨ ਹੋ ਗਿਆ।
3. **ਚਰਚ ਦੇ ਪ੍ਰਭਾਵ ਵਿੱਚ ਕਮੀ (Decline in the Influence of church)** ਪੂਨਰ ਜਾਗਰਣ ਦੇ ਕਾਰਨ ਲੋਕਾ ਦੀ ਦ੍ਰਿਸ਼ਟੀਕੋਣ ਵਿਸ਼ਾਲ ਹੋ ਗਿਆ ਸੀ। ਹੁਣ ਉਹ ਅੱਖਾਂ ਬੰਦ ਕਰਕੇ ਚਰਚ ਤੇ ਵਿਸ਼ਵਾਸ ਨਹੀ ਕਰਦੇ ਸਨ। ਇਸ ਕਾਰਨ ਚਰਚ ਦੇ ਸਨਮਾਨ ਨੂੰ ਡੂੰਘੀ ਸੱਟ ਪੁੱਜੀ। ਹਣ ਉਹ ਖੋਖਲੇ ਰੀਤੀਰਿਵਾਜਾ ਅਤੇ ਅੰਧ ਵਿਸ਼ਵਾਸਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀ ਹਨ। ਇਸ ਕਾਰਨ ਸਮਾਜ ਵਿੱਚ ਚਰਚ ਦਾ ਮਹੱਤਵ ਘੱਟ ਗਿਆ।
4. **ਵਪਾਰਕ- ਪੂੰਜੀਪਤੀਆਂ ਦੀ ਸ਼੍ਰੇਣੀ ਦਾ ਉਭਾਰ (Emergence of Commercial Capitalists)** ਧਰਮ ਯੁੱਧਾਂ ਦੇ ਫ਼ਲਸਰੂਪ ਪੱਛਮੀ ਯੁਰਪ ਦੇ ਦੇਸ਼ਾਂ ਦਾ ਪੂਰਬ ਦੇ ਦੇਸ਼ਾਂ ਨਾਲ ਸੰਪਰਕ ਪੈਦਾ ਹੋਇਆ ਸੀ। **13ਵੀਂ** ਸਦੀ ਪਿੱਛੋਂ ਯੂਰਪੀ ਦੇਸ਼ਾਂ ਦੇ ਲੋਕਾਂ ਨੇ ਪੂਰਬੀ ਦੇਸ਼ਾਂ ਨਾਲ ਗੂੜੇ ਵਪਾਰ ਸੰਬੰਧ ਸਥਾਪਿਤ ਕਰ ਲਏ। ਜਿਸ ਦੇ ਫਲਸਰੂਪ ਇਟਲੀ ਅਤੇ ਕਈ ਹੋਰ ਯੂਰਪੀ ਦੇਸ਼ਾਂ ਦੇ ਵਪਾਰੀਆਂ ਅਤੇ ਸੌਦਾਗਰਾਂ ਨੇ ਕਾਫੀ ਧਨ ਕਮਾਇਆ। ਸਿੱਟੇ ਵਜੋਂ ਯੂਰਪੀ ਦੇਸ਼ਾਂ ਵਿੱਚ ਪੂੰਜੀਪਤੀਆਂ ਦੀ ਇੱਕ ਨਵੀਂ ਸ਼੍ਰੇਣੀ ਦਾ ਉਭਾਰ ਹੋਇਆ। ਅਮੀਰ ਵਰਗ ਦੁਆਰਾ ਦਿੱਤੀ ਸੁਰੱਖਿਆ ਅਤੇ ਸਰਪ੍ਰਸਤੀ ਕਾਰਨ ਕਲਾ ਤੇ ਸਾਹਿਤ ਅਦਭੁਤ ਵਿਕਾਸ ਹੋਇਆ ਜਿਸ ਨੇ ਲੋਕਾਂ ਦੇ ਦ੍ਰਿਸ਼ਟੀਕੋਣ ਵਿੱਚ ਵਿਸ਼ਾਲਤਾ ਲਿਆਂਦੀ।

5. ਛਾਪੇ- ਖਾਨੇ ਦੀ ਖੋਜ **(Invention of Press)** ਪੁਨਰ ਜਾਗ੍ਰਿਤੀ ਦੇ ਵਿਕਾਸ ਵਿੱਚ ਛਾਪੇ ਖਾਨੇ ਦੀ ਖੋਜ ਨੇ ਵਿਸ਼ੇਸ ਯੋਗਦਾਨ ਪਾਇਆ **1454ਈ:** ਵਿੱਚ ਮੇਨਜ ਦੇ ਜਾਨ ਗੁੱਟਣ ਵਰਗ ਛਾਪੇ ਖਾਨੇ ਦੀ ਕਾਢ ਕੱਢੀ ਅਗਲੇ **20** ਸਾਲਾਂ ਵਿੱਚ ਇਟਲੀ ਵਿੱਚ ਕਈ ਛਾਪੇ ਖਾਨੇ ਖੋਲੇ ਗਏ। **1477ਈ:** ਵਿੱਚ ਇੰਗਲੈਂਡ ਦੇ ਵੈਸਟ ਮਨਿਸਟਰ ਨਗਰ ਵਿੱਚ ਬੀਲਅਮ ਕੈਕਸਟਨ ਨਾਂ ਦੇ ਅੰਗਰੇਜ ਨੇ ਪਹਿਲਾ ਛਾਪਾ ਖਾਨਾ ਖੋਲਿਆ। ਉਸ ਸਮੇਂ ਸਸਤਾ ਕਾਗਜ਼ ਵਧੇਰੇ ਮਾਤਰਾ ਵਿੱਚ ਮਿਲਣ ਲੱਗਿਆ। ਪੁਸਤਕਾ ਨੂੰ ਪੜ ਕੇ ਲੋਕਾਂ ਦੇ ਗਿਆਨ ਵਿੱਚ ਵਾਧਾ ਹੋਇਆ। ਮਸਹੂਰ ਇਤਿਹਾਸਕਾਰ ਨੇ ਇਸ ਨੂੰ ਸਾਰੇ ਤੋ ਵੱਡੀ ਖੋਜ ਮੰਨਿਆ ਹੈ। ਜਿਸ ਨੇ ਬੋਧਿਕ ਜਾਗਰੂਕਤਾ ਦਾ ਸਾਰਿਆ ਤੋਂ ਜ਼ਿਆਦਾ ਵਿਕਾਸ ਕੀਤਾ।
6. ਕੁਸਤੁਨਤੁਨੀਆਂ ਉਤੇ ਤੁਰਕਾਂ ਦਾ ਕਬਜ਼ਾ **(Occupation of Constantinople by the Truks)** ਤੁਰਕਾਂ ਦਾ ਜਦੋਂ ਕੁਸਤੁਨਤੁਨੀਆਂ ਉਤੇ ਕਬਜ਼ਾ ਹੋ ਗਿਆ ਤਾਂ ਯੂਰਪੀਅਨਾਂ ਵਿਸ਼ਾਲ ਪੱਧਰ ਉੱਤੇ ਭੂਗੋਲਿੰਕ ਖੋਜਾਂ ਦੇ ਨਵੇਂ ਰਸਤੇ ਲਭਣੇ ਆਰੰਭ ਕਰ ਦਿੱਤੇ ਇਸ ਦਾ ਕਾਰਨ ਇਹ ਸੀ ਕਿ ਤੁਰਕਾਂ ਦੇ ਕੁਸਤੁਨਤੁਨੀਆਂ ਉਤੇ ਕਬਜ਼ੇ ਕਰਨ ਤੋਂ ਪਹਿਲਾਂ ਬਹੁਤ ਸਾਰੀਆ ਚੀਜ਼ਾਂ ਪੂਰਬ ਤੇ ਭਾਰਚ ਵਿੱਚੋ ਕੁਸਤੁਨਤੁਨੀਆਂ ਦੁਆਰਾ ਆਉਂਦੀਆਂ ਸਨ। ਪਰ ਤੁਰਕਾਂ ਨੇ ਇਸ ਰਸਤੇ ਤੇ ਟੈਕਸ ਲਗਾ ਦਿਤੇ ਟੈਕਸ ਵੱਧਣ ਨਾਲ ਵਪਾਰ ਵਿੱਚ ਨੁਕਸਾਨ ਹੁੰਦਾ ਸੀ। ਇਸ ਲਈ ਯੂਰਪੀਅਨਾਂ ਨੂੰ ਨਵੇਂ ਮਾਰਗਾਂ ਦੀ ਖੋਜ ਕਰਨੀ ਪਈ। ਜਿਨ੍ਹਾਂ ਉਤੇ ਤੁਰਕਾਂ ਨੇ ਟੈਕਸ ਉਹਨਾਂ ਨੂੰ ਨਹੀ ਸੀ ਦੇਣੇ ਪੈਂਦੇ ।
7. ਉਦਾਰ ਸਮਰਾਟਾਂ ਅਤੇ ਕੁਲੀਨਾਂ ਦਾ ਯੋਗਦਾਨ **(Role of Progressive Rules and Nobles)** ਪੂਨਰਜਾਗਰਣ ਲਿਆਉਣ ਵਿੱਚ ਯੂਰਪੀ ਦੇਸ਼ਾ ਦੇ ਉਧਾਰ ਸਮਰਾਟਾ ਕੁਲੀਨਾਂ ਅਤੇ ਪੋਪਾਂ ਨੇ ਵੀ ਕੋਈ ਘੱਟ ਯੋਗਦਾਨ ਨਹੀ ਪਾਇਆ ਫਰਾਂਸ ਦੇ ਰਾਜੇ ਫਰਾਂਸਿਸ ਪਹਿਲੇ, ਇੰਗਲੈਂਡ ਦੇ ਹੈਨਰੀ ਅੱਠਵੇਂ, ਸਪੇਨ ਦੇ ਚਾਰਲਸ ਪੰਜਵੇਂ ਅਤੇ ਡੈਨਮਾਰਕ ਦੇ ਕ੍ਰਿਸ਼ਚੀਅਨ ਸੱਤਵੇਂ ਆਦਿ ਉਧਾਰ ਸਮਰਾਟਾਂ ਨੇ ਆਪਣੇ ਆਪਣੇ ਦੇਸ਼ਾਂ ਵਿੱਚ ਵਿਦਵਾਨਾਂ ਅਤੇ ਕਵੀਆਂ ਦੀ ਖੁਲੇ ਮਨ ਨਾਲ ਸਰਪ੍ਰਸਤੀ ਕੀਤੀ। ਇਸੇ ਤਰ੍ਹਾਂ ਪੋਪ ਨਿਕੋਲਸ ਪੰਜਵੇਂ ਅਤੇ ਲਿਓਸ ਦਸਮੇਂ ਨੇ ਯੂਨਾਨੀ ਤੇ ਰੋਮਨ ਸਾਹਿਤ, ਸਿਲਪਕਲਾਂ ਅਤੇ ਸੰਗੀਤ ਦੇ ਵਿਕਾਸ ਵਿੱਚ ਵਿਸ਼ੇਸ ਹਿੱਸਾ ਪਾਇਆ। ਸਮਰਾਟਾਂ ਤੇ ਪੋਪਾ ਤੋ ਇਲਾਵਾ ਕਈ ਉਧਾਰ ਕੁਲੀਨ ਪਰਿਵਾਰਾਂ ਨੇ ਵੀ ਸਾਹਿਤਕਾਰਾਂ, ਕਲਾਕਾਰਾਂ, ਅਤੇ ਖੋਜਕਾਰਾਂ ਦੀ ਉਦਾਰਤਾ ਨਾਲ ਸਰਪ੍ਰਸਤੀ ਕਰਕੇ ਪੁਨਰ ਜਾਗਰਣ ਪ੍ਰੇਰਿਤ ਕੀਤਾ।
8. ਵਿਗਿਆਨਿਕ ਕਾਢਾਂ **(Scientific Inventions)** ਸਾਇੰਸ ਦੀਆਂ ਨਵੀਆਂ ਖੋਜਾਂ ਨੇ ਪੁਨਰਜਾਗਰਣ ਦੀ ਲਹਿਰ ਨੂੰ ਯਰੂਪ ਵਿੱਚ ਵਿਸਥਾਰ ਕਰਨ ਲਈ ਵਿਸ਼ੇਸ ਯੋਗਦਾਨ ਦਿੱਤਾ। ਯੂਰਪੀ ਦੇਸ਼ਾਂ ਦੇ ਚੀਨ ਨਾਲ ਸੰਪਰਕ ਹੋਣ ਤੇ ਤਿੰਨ ਮਸ਼ਹੂਰ ਖੋਜਾਂ ਕਾਗਜ਼, ਛਾਪਾਖਾਨਾਂ , ਸਮੁੰਦਰੀ ਰਸਤੇ ਬਾਰੇ ਪਤਾ ਲਗਾਉਣ ਲਈ ਕੰਪਾਸ ਦਾ ਉਪਯੋਗ ਅਤੇ ਯੁੱਧਾਂ ਵਿੱਚ ਇਸਤੇਮਾਲ ਕੀਤੇ ਜਾਣ ਵਾਲੇ ਗੋਲਾ ਬਾਰੂਦ ਯੂਰਪ ਨੂੰ ਹਾਸਿਲ ਹੋਏ ਕਾਗਜ ਤੇ ਛਾਪੇ ਖਾਨੇ ਦੇ ਇਸਤੇਮਾਲ ਦੇ ਨਾਲ ਸਾਹਿਤ ਦਾ ਵਿਕਾਸ ਹੋਇਆ ਇਸ ਦੇ ਨਾਲ ਆਮ ਲੋਕਾਂ ਦੇ ਗਿਆਨ ਵਿੱਚ ਵਾਧਾ ਹੋਇਆ ਕੰਪਾਸ ਦੀ ਵਰਤੋਂ ਨੇ ਨਵੇਂ ਨਵੇਂ ਸਮੁੰਦਰੀ ਰਾਸਤਿਆਂ ਦੀ ਖੋਜ ਵਿੱਚ ਮਦਦ ਪਹੁੰਚਾਈ। ਗੋਲਾ ਬਾਰੂਦ ਦੀ ਵਰਤੋਂ ਨੇ ਵੱਖ ਵੱਖ ਦੇਸ਼ਾਂ ਦੇ ਸਮਰਾਟਾ ਨੂੰ ਸਾਮੰਤਾਂ ਦੀ ਤਾਕਤ ਖਤਮ ਕਰਕੇ ਤਾਕਤਵਰ ਰਾਸ਼ਟਰੀ ਰਾਜ ਸਥਾਪਿਤ ਕਰਨ ਵਿੱਚ ਸਹਿਯੋਗ ਦਿੱਤਾ।

9. ਨਵੇਂ ਨਗਰਾਂ ਦਾ ਉਥਾਨ **(Emergence of New cities)** ਪੁਨਰਜਾਗਰਣ ਦੇ ਉਭਾਰ ਵਿੱਚ ਯੂਰਪ ਦੇ ਵੱਖ ਵੱਖ ਦੇਸ਼ਾਂ ਵਿੱਚ ਨਵੇਂ ਨਗਰਾਂ ਦੇ ਉਥਾਨ ਨੇ ਵੀ ਯੋਗਦਾਨ ਪਾਇਆ। ਮੱਧ ਕਾਲ ਦੇ ਅੰਤ ਤੱਕ ਯੂਰਪ ਦੇ ਵੱਖ ਵੱਖ ਦੇਸ਼ਾਂ ਵਿੱਚ ਅਨੇਕਾਂ ਮਹੱਤਵਪੂਰਨ ਨਗਰਾਂ ਦਾ ਵਿਕਾਸ ਹੋ ਚੁੱਕਿਆ ਸੀ। ਇਹਨਾਂ ਵਿੱਚੋਂ ਮੀਲਾਨ, ਰੋਮ, ਪੈਰਿਸ, ਲੰਦਨ, ਲਿਸਬਨ, ਦੇ ਨਾਂ ਵਰਨ ਯੋਗ ਹਨ। ਇਹ ਨਗਰ ਵਪਾਰ ਉਦਯੋਗ ਤੇ ਪੂਜੀਵਾਦ ਦੇ ਕੇਂਦਰ ਬਣ ਗਏ। ਸ਼ਹਿਰਾਂ ਵਿੱਚ ਨਿਵਾਸ ਕਰਨ ਵਾਲੇ ਅਮੀਰ ਅਤੇ ਮਨ੍ਹੇ – ਪਰਮਨ੍ਹੇ ਲੋਕਾਂ ਪਾਸ ਧਨ ਦੀ ਵੀ ਬਹੁਲਤਾ ਸੀ ਜਿਸ ਨੇ ਇਨ੍ਹਾਂ ਨੂੰ ਕਲਾਕਾਰਾਂ ਅਤੇ ਵਿਦਵਾਨਾਂ  ਦੀ ਸਰਪ੍ਰਸਤੀ ਕਰਨ ਲਈ ਪ੍ਰੇਰਿਕ ਕੀਤਾ। ਇਸ ਤੋਂ ਇਲਾਵਾ ਸ਼ਹਿਰ ਵਿੱਚ ਮਹਾਂਦੀਪ ਦੇ ਵੱਖ ਵੱਖ ਭਾਗਾਂ ਵਿੱਚੋਂ ਨਿੱਤ ਨਵੇਂ ਲੋਕ ਆਉਂਦੇ ਰਹਿੰਦੇ ਸਨ। ਜਿਨ੍ਹਾਂ ਨਾਲ ਉਹਨਾਂ ਸ਼ਹਿਰਾਂ ਦੇ ਪਤਵੰਤੇ ਤੇ ਪੜ੍ਹੇ ਲਿਖੇ ਲੋਕਾਂ ਦਾ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਸੀ। ਸਿੱਟੇ ਵਜੋਂ ਨਗਰਾਂ ਦੇ ਵਿਕਾਸ ਨੇ ਪੁਨਰਜਾਗਰਣ ਅੰਦੋਲਨ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

10. ਸਮਾਜਿਕ ਰੂਪ ਤੋਂ **(By Social Shape)**ਜਾਗੀਰਦਾਰੀ ਪ੍ਰਬੰਧ ਇਨ੍ਹਾਂ ਯੁੱਧਾਂ ਨੇ ਖਤਮ ਕਰ ਦਿੱਤਾ। ਜਾਗੀਰਦਾਰੀ ਧਰਮ ਯੁੱਧਾਂ ਵਿੱਚ ਸਾਮਿਲ ਹੋਣ ਲਈ ਅਤੇ ਪੈਸਾਂ ਇੱਕਠਾ ਕਰਨ ਲਈ ਸ਼ਹਿਰੀ ਲੋਕਾ ਕੋਲੋ ਰੁਪਇਆ ਲੈ ਕੇ ਉਨ੍ਹਾਂ ਦੀ ਆਜ਼ਾਦੀ ਦਾ ਐਲਾਨ ਕਰ ਦਿੰਦੇ ਸਨ। ਜਿਸ ਕਾਰਨ ਬਹੁਤੇ ਸਾਰੇ ਕਿਸਾਨ ਉਨ੍ਹਾਂ ਦੀ ਪਕੜ ਵਿੱਚ ਨਿਕਲ ਜਾਂਦੇ ਸਨ ਅਤੇ ਆਜ਼ਾਦ ਹੋ ਜਾਂਦੇ ਸਨ। ਧਰਮ ਯੁੱਧਾਂ ਨੇ ਮੱਧਕਾਲ ਦੇ ਤਾਕਤਵਰ ਸਾਮੰਤਸ਼ਾਹੀ ਪ੍ਰਬੰਧ ਨੂੰ ਖਤਮ ਕਰ ਦਿੱਤਾ ਸਮਾਜ ਵਿੱਚ ਸਮਾਨਤਾ ਲਿਆਂਦੀ ਜਿਸ ਨੇ ਪੂਰਨਜਾਗਰ੍ਤੀ ਦਾ ਮੁੱਖ ਰੋਲ ਅਦਾ ਕੀਤਾ।

11. ਆਰਥਿਕ ਰੂਪ ਤੋਂ **(By Economic Shape)** ਇਹਨਾਂ ਧਰਮ ਯੁੱਧਾਂ ਕਾਰਨ ਵਪਾਰ ਅਤੇ ਵਣਜ ਵਿੱਚ ਬਹੁਤ ਵਾਧਾ ਹੋਇਆ ਉਸਦਾ ਕਾਰਨ ਇਹ ਸੀ ਜਿਹੜਾ ਵੀ ਵਿਅਕਤੀ ਧਰਮ ਯੁੱਧਾਂ ਵਿੱਚ ਲੜਨ ਲਈ ਪੂਰਬ ਵੱਲ ਜਾਂਦਾ ਸੀ। ਆਉਂਦਾ ਹੋਇਆ ਬਹੁਤ ਸਾਰੀਆਂ ਵਸਤੂਆਂ ਨਾਲ ਲੈ ਆਉਦਾਂ ਸੀ। ਵਪਾਰ ਦੇ ਵਿਕਾਸ ਲਈ ਜਹਾਜ਼ਾ ਦੀ ਜ਼ਰੂਰਤ ਹੁੰਦੀ ਸੀ। ਕਈ ਨਵੇਂ ਸ਼ਹਿਰ ਵਪਾਰਕ ਰੂਪ ਵਿੱਚ ਵਸ ਗਏ ਜਿਨ੍ਹਾਂ ਵਿੱਚ ਕੁਝ ਜਨੇਵਾ, ਵੀਨਸ ਲਿਜਬਨ ਪੈਰਿਸ, ਫਲੋਰੈਸ ਹੈਮਬਰਗ ਨਿਊਰਮਬਰਗ, ਨੌਵਗਰਡ ਆਦਿ ਹਨ। ਇਹਨਾਂ ਸ਼ਹਿਰਾਂ ਦੁਆਰਾ ਹੀ ਪੱਛਮੀ ਏਸ਼ੀਆਂ ਤੇ ਯੂਰਪ ਵਿਚਾਲੇ ਵਪਾਰ ਹੁੰਦਾ ਸੀ। ਲੋਕ ਵਪਾਰ ਨੂੰ ਚੰਗਾ ਧੰਦਾ ਸਮਝਣ ਲੱਗੇ। ਇਸ ਕਾਰਨ ਮੱਧ ਵਰਗ ਨੇ ਜਨਮ ਲਿਆ ਅਤੇ ਪੂਨਰ ਜਾਗਰਣ ਨੂੰ ਉਤਸ਼ਾਹਿਤ ਕੀਤਾ।

12. ਬੋਧਿਕ ਰੂਪ ਤੋਂ **( By Elicitic Shape)** ਇਹਨਾਂ ਧਰਮ ਯੁਧਾਂ ਨੇ ਬੋਧਿਕ ਪੱਖ ਤੋਂ ਯੂਰਪ ਦਾ ਇੱਕਲਾ ਪਨ ਤੋੜ ਦਿੱਤਾ ਯੂਰਪ ਦੇ ਲੋਕ ਗੁਲਾਮੀ ਸੱਭਿਅਤਾ ਦੇ ਅਸਰ ਅਧੀਨ ਆਏ ਜੋ ਵਧੇਰੇ ਹੱਦ ਤੱਕ ਯੂਨਾਨੀ ਸੱਭਿਅਤਾ ਉਤੇ ਨਿਰਭਰ ਸੀ। ਧਰਮ ਯੁੱਧਾਂ ਵਿੱਚ ਆਏ ਲੋਕ ਨਵੇਂ ਵਿਚਾਰ ਨਾਲ ਲੈ ਕੇ ਯੂਰਪ ਆਏ ਜਿਨ੍ਹਾਂ ਨਾਲ ਗਿਆਨ ਹੋਇਆ ਕਿ ਈਸਾਈ ਧਰਮ ਤੇ ਇਸ ਦੀ ਸਿੱਖਿਆ ਅੰਤਮ ਤੇ ਸਰਬ ਉੱਤਮ ਨਹੀ ਸੀ। ਮੱਧ ਕਾਲ ਵਿੱਚ ਚਰਚ ਦੇ ਲੋਕਾਂ ਦੇ ਦ੍ਰਿਸ਼ਟੀਕੋਣ ਨੂੰ ਤੰਗ ਵਿਚਾਰਾਂ ਦਾ ਗੁਲਾਮ ਬਣਾ ਕੇ ਰੱਖਿਆ ਸੀ। ਪਰੰਤੂ ਲੋਕਾਂ ਨੂੰ ਚਰਚ ਦੀ ਮਹਾਨਤਾ ਤੇ ਅਧਿਕਾਰਾਂ ਉੱਤੇ ਸ਼ੱਕ ਹੋਣ ਲੱਗ ਪਿਆ ਜਿਸ ਕਾਰਨ ਬੋਧਿਕ ਖੋਜ ਦੇ ਵਿਚਾਰਾਂ ਦੀ ਆਜ਼ਾਦੀ ਨੇ ਜਨਮ ਲਿਆ।

13. **ਸਮੂਹਿਕ ਅਸਰ ( Impact of Community)** ਧਰਮ ਯੁੱਧਾਂ ਦੇ ਕਾਰਨ ਯੂਰਪ ਵਾਸੀ ਹੋਰ ਕਈ ਨਵੀ ਜਾਤੀ ਦੇ ਸੰਪਰਕ ਵਿੱਚ ਆਏ ਜਿਨ੍ਹਾਂ ਨੇ ਭੂੰਗੋਲਿਕ ਗਿਆਨ ਤੇ ਰਹਿਣ ਸਹਿਣ ਤੇ ਯੂਰਪ ਨਿਵਾਸੀਆਂ ਤੇ ਅਸਰ ਪਾਇਆ। ਯੂਰਪ ਦੇ ਸਮਰਾਟਾ ਤੇ ਪੋਪ ਦੇ ਵਿਚਕਾਰ ਧਰਮ ਅੰਦੋਲਨਾਂ ਦੇ ਕਾਰਨ ਯੂਰਪ ਦੇ ਰਹਿਣ ਵਾਲੇ ਲੋਕ ਧਰਮ ਦੇ ਖੇਤਰ ਬਾਰੇ ਸੋਚਣ ਲਈ ਬੇਵਸ ਹੋ ਗਏ।
14. **ਵਿਸ਼ਵ-ਵਿਦਿਆਲੇ (Universities)** ਯੂਰਪ ਵਿੱਚ ਕਈ ਥਾਵਾਂ ਤੇ ਯੂਨੀਵਰਸਿਟੀਆਂ ਖੋਲੀਆਂ ਗਈਆਂ। ਇਹਨਾਂ ਦੇ ਦੁਆਰਾ ਵਿਦਿਆ ਦਾ ਪ੍ਰਚਾਰ ਅਤੇ ਜੀਵਨ ਦੇ ਵੱਖ ਵੱਖ ਪੱਖਾਂ ਉਤੇ ਸੋਚ ਵਿਚਾਰ ਹੋਣ ਲੱਗ ਪਿਆ ਇਹਨਾਂ ਵਿਸ਼ਵ ਵਿਦਿਆਲਿਆ ਨੇ ਧਰਮ ਅਤੇ ਅੰਧਵਿਸ਼ਵਾਸਾ ਦੇ ਜਾਲ ਨੂੰ ਕੱਟ ਦਿੱਤਾ ਮਨੁੱਖ ਵਿੱਚ ਵਿਗਿਆਨਿਕ ਤਰੀਕੇ ਦੀ ਸੋਚਣ ਸ਼ਕਤੀ ਪੈਦਾ ਕਰ ਦਿੱਤੀ ਜਿਸ ਨੇ ਪੂਨਰਜਾਗਰਣ ਨੂੰ ਬਹੁਤ ਮਦਦ ਦਿੱਤੀ ਇਨ੍ਹਾਂ ਯੂਨੀਵਰਸਿਟੀਆਂ ਵਿੱਚ ਆਕਸਫੋਰਡ, ਕੈਂਵਰੇਜ ਪੈਰਿਸ ,ਬੋਲੋਗਨਾ ਜ਼ਿਆਦਾ ਮਸ਼ਹੂਰ ਤੇ ਵਿਦਿਆ ਦੇ ਮੁੱਖ ਕੇਂਦਰ ਸਨ।
15. **ਮੰਗੋਲ ਸਾਮਰਾਜ ਦਾ ਉਭਾਰ (The rise of Mangol empire)** ਮੰਗੋਲ ਸਾਮਰਾਜ ਦੇ ਉਦੈ ਨਾਲ ਪੁਨਰਜਾਗਰਣ ਦੀ ਧਾਰਾ ਨੂੰ ਬਲ ਮਿਲਿਆ। 1227 ਈ: ਵਿੱਚ ਪ੍ਰਸਿੱਧ ਮੱਧ ਏਸ਼ੀਆਈ ਜੇਤੂ ਚੰਗੇਜ਼ ਖਾਂ ਦੀ ਮੋਤ ਹੋ ਗਈ। ਚੰਗੇਜ਼ ਖਾਂ ਦੇ ਇੱਕ ਉਤੱਰਾਧਿਕਾਰੀ ਕੁਬਲਈ ਖਾਂ (1260 ਈ: ਤੋਂ 1294 ਈ: ਨੇ ਇੱਕ ਵਿਸ਼ਾਲ ਪਰੰਤੂ ਸ਼ਕਤੀਸ਼ਾਲੀ ਸਾਮਰਾਜ ਦੀ ਸਥਾਪਨਾ ਕੀਤੀ। ਇਸ ਵਿਸ਼ਾਲ ਮੰਗੋਲ ਸਾਮਰਾਜ ਵਿੱਚ ਰੂਸ, ਪੋਲੈਂਡ, ਹੰਗਰੀ, ਆਦਿ ਪ੍ਰਦੇਸ਼ ਸ਼ਾਮਿਲ ਸਨ। ਇੱਥੇ ਵਪਾਰੀਆਂ, ਵਿਦਵਾਨਾਂ ਦਾ ਸਨਮਾਨ ਸੀ। ਇਸ ਤਰ੍ਹਾਂ ਪੂਰਬ ਅਤੇ ਪੱਛਮ ਦਾ ਅਸਲੀ ਸੰਗਮ ਹੋਇਆ। ਇਸ ਨਾਲ ਯੂਰਪ ਦੇ ਲੋਕਾਂ ਤੇ ਕਾਫੀ ਪ੍ਰਭਾਵ ਪਿਆ। ਇੱਥੇ ਇਹ ਕਹਿਣਾ ਗਲਤ ਨਹੀ ਹੋਵੇਗਾ ਕਿ ਮੰਗੋਲਾਂ ਦੇ ਸੰਪਰਕ ਨਾਲ ਯੂਰਪਵਾਸੀਆਂ ਨੂੰ ਸਭ ਤੋਂ ਪਹਿਲਾਂ ਕਾਗਜ਼ ਦੀ ਛਪਾਈ, ਕੁਤਬਨੁਮਾ ਅਤੇ ਬਾਰੂਦ ਦੀ ਜਾਣਕਾਰੀ ਪ੍ਰਾਪਤ ਹੋਈ।
16. **ਬਾਰੂਦ ਦੀ ਕਾਢ (Discovery of Gunpowder)** ਬਾਰੂਦ ਦਾ ਗਿਆਨ ਯੂਰਪਵਾਸੀਆਂ ਨੂੰ ਕਾਫ਼ੀ ਦੇਰ ਪਹਿਲਾਂ ਤੋਂ ਸੀ ਪਰ ਫਿਰ ਵੀ ਬਾਰੂਦ ਨੂੰ ਬੰਦੂਕਾਂ ਤੇ ਤੋਪਾਂ ਵਿੱਚ ਵਰਤਿਆ ਜਾਣ ਲੱਗਾ। ਇਸ ਨਾਲ ਯੁੱਧ ਕਲਾਂ ਵਿੱਚ ਕਾਫ਼ੀ ਪਰਿਵਰਤਨ ਆ ਗਏ । ਹੁਣ ਤੱਕ ਸਾਮੰਤਾਂ ਦਾ ਬਹੁਤ ਦਬਦਬਾ ਹੁੰਦਾ ਸੀ। ਉਹ ਆਪਣੇ ਬੜੇ ਬੜੇ ਕਿਲ੍ਹਿਆਂ ਤੇ ਗੜ੍ਹੀਆਂ ਵਿੱਚ ਰਹਿੰਦੇ ਸਨ। ਉਹਨਾਂ ਨੂੰ ਸੈਨਾ ਤੇ ਹਥਿਆਰ ਰੱਖਣ ਦਾ ਅਧਿਕਾਰ ਸੀ। ਰਾਜੇ ਪਾਸ ਉਸ ਸਮੇਂ ਸੈਨਾ ਨਹੀ ਹੁੰਦੀ ਸੀ। ਜ਼ਰੂਰਤ ਪੈਣ ਉੱਤੇ ਰਾਜੇ ਨੂੰ ਸਾਮੰਤਾਂ ਪਾਸੋ ਸੈਨਿਕ ਸਹਾਇਤਾ ਲੈਣੀ ਪੈਂਦੀ ਸੀ। ਰਾਜਾਂ ਨੇ ਆਪਣੀ ਸੈਨਾ ਰੱਖਣੀ ਸ਼ੁਰੂ ਕਰ ਦਿੱਤੀ। ਜਿਸ ਨਾਲ ਸਾਮੰਤਾਂ ਸ਼ਕਤੀਹੀਣ ਹੋ ਗਏ। ਇਸ ਨਾਲ ਸਮਾਜ ਵਿੱਚ ਮੱਧ ਵਰਗ ਦਾ ਉਥਾਨ ਹੋਇਆ। ਇਸ ਵਰਗ ਨੇ ਪੁਨਰਜਾਗਰਣ ਲਿਆਉਣ ਵਿੱਚ ਬਹੁਤ ਯੋਗਦਾਨ ਦਿੱਤਾ।

**ਪੁਨਰਜਾਗਰਣ ਦੀਆਂ ਵਿਸ਼ੇਸ਼ਤਾਵਾਂ (Characteristics of Renaissance)**

1. **ਬੋਧਿਕ ਵਿਕਾਸ ( Mental Development)** ਪੁਨਰ ਜਾਗਰਣ ਦੇ ਕਾਲ ਵਿੱਚ ਜਨਤਾ ਦਾ ਬੋਧਿਕ ਵਿਕਾਸ ਹੋ ਸਕਿਆ। ਕੁਸਤੁਨਤੁਨੀਆ ਤੋਂ ਜਿਹੜੇ ਲੋਕ ਦੌੜ ਕੇ ਆਏ ਸਨ ਉਹ ਆਪਣੇ ਨਾਲ ਉਤੱਮ ਯੂਨਾਨੀ ਸਾਹਿਤ ਤੇ ਭਾਸ਼ਾ ਵੀ ਲੈ ਆਏ ਸਨ। ਲੋਕਾਂ ਨੇ ਉਸ ਸਾਹਿਤ ਨੂੰ ਪੜ੍ਹਿਆ ਅਤੇ ਉਸ ਦੇ ਅਸਰ ਨਾਲ ਬਹੁਤ ਸਾਰੀਆ ਪੁਸਤਕਾਂ

ਵਿੱਚ ਸੋਧ ਕੀਤੀ ਗਈ। ਅਤੇ ਨਾਲ ਛਾਪੇ-ਖ਼ਾਨੇ ਦੀ ਖੋਜ ਨਾਲ ਪੁਸਤਕਾਂ ਦੀ ਸੰਖਿਆਂ ਵਿੱਚ ਬਹੁਤ ਵਾਧਾ ਹੋਇਆ। ਇਸ ਤਰ੍ਹਾਂ ਲੈਟਿਨ ਦੇ ਗਰੀਕ ਭਾਸ਼ਾਵਾਂ ਨੂੰ ਵਧੇਰੇ ਹੋਸਲਾਂ ਮਿਲਿਆ। ਇਸ ਪ੍ਰਕਾਰ ਯੂਰਪ ਵਿੱਚ ਪੁਰਾਤਨ ਸਾਹਿਤ ਨੂੰ ਨਵਾਂ ਰੂਪ ਦਿੱਤਾ ਗਿਆ ਜਿਸ ਕਾਰਨ ਲੋਕਾਂ ਦਾ ਬੋਧਿਕ ਵਿਕਾਸ ਹੋਇਆ।

2. **ਤਰਕ ਦੀ ਪ੍ਰਧਾਨਤਾ (Supremacy of Logic)**ਪੁਨਰ ਜਾਗਰਣ ਦੇ ਲੋਕਾਂ ਦਾ ਬੋਧਿਕ ਵਿਕਾਸ ਕਰਕੇ ਉਨ੍ਹਾਂ ਵਿੱਚ ਤਰਕ ਤਾਕਤ ਦਾ ਵਾਧਾ ਕੀਤਾ। ਇਸ ਸਥਿਤੀ ਵਿੱਚ ਅਰਸਤੂ ਦੇ ਤਰਕ ਸ਼ਾਸਤਰ ਨੇ ਲੋਕਾਂ ਨੂੰ ਸਹੀ ਰਸਤਾ ਦਿਖਾਇਆ। ਇਸ ਪ੍ਰਕਾਰ ਆਕਸਫੋਰਡ, ਪੈਰਿਸ ਤੇ ਕੈਂਬ੍ਰਿਜ ਆਦਿ ਯੂਨੀਵਰਸਿਟੀਆਂ ਨੇ ਤਰਕ ਦੀ ਵਿਚਾਰਥਾਰਾ ਦੇ ਵਿਕਾਸ ਵਿੱਚ ਯੋਗਦਾਨ ਦਿੱਤਾ।
3. **ਮਾਨਵਵਾਦ ਦਾ ਜਨਮ (Birth of Humanism)** ਪੁਨਰ ਜਾਗਰਣ ਦੀ ਇੱਕ ਮੂਲ ਵਿਸ਼ੇਸ਼ਤਾ ਮਾਨਵਵਾਦ ਸੀ ਮਾਨਵਵਾਦ ਦਾ ਅਰਥ ਹੈ – ਮਨੁੱਖ ਵਿੱਚ ਰੁੱਚੀ ਲੈਣਾ ਅਤੇ ਉਸ ਦਾ ਆਦਰ ਕਰਨਾ। ਮਾਨਵਵਾਦ ਮਨੁੱਖ ਦੀਆਂ ਸਮੱਸਿਆਵਾਂ ਦਾ ਅਧਿਐਨ ਕਰਦਾ ਹੈ, ਮਾਨਵ-ਜੀਵਨ ਦੇ ਮਹੱਤਵ ਨੂੰ ਸਵੀਕਾਰ ਕਰਦਾ ਹੈ ਅਤੇ ਉਸ ਦੇ ਜੀਵਨ ਨੂੰ ਸੁਧਾਰਨ ਅਤੇ ਖ਼ੁਸਹਾਲ ਬਣਾਉਣ ਦਾ ਯਤਨ ਕਰਦਾ ਹੈ। ਪੁਨਰ ਜਾਗਰਣ ਕਾਲ ਵਿੱਚ ਪ੍ਰਲੋਕ ਦੀ ਬਜਾਏ ਇਸ ਲੋਕ ਨੂੰ ਮਹੱਤਵ ਦਿੱਤਾ ਗਿਆ ਹੈ। ਜਿਸ ਵਿੱਚ ਅਸੀ ਰਹਿੰਦੇ ਹਾਂ, ਇਹੀ ਮਾਨਵਵਾਦ ਹੈ। ਇਟਲੀ ਦੇ ਨਾਗਰਿਕਾਂ ਨੇ ਮਾਨਵਵਾਦ ਦਾ ਸਮਰਥਨ ਇਸ ਲਈ ਕੀਤਾ ਕਿਉਂਕਿ ਉਹ ਧਾਰਮਿਕ ਬੰਧਨਾਂ ਦੇ ਨਤੀਜੇ ਵਜੋਂ ਆਪਣੀਆਂ ਸੁਭਾਵਿਕ ਪ੍ਰਵਿਰਤੀਆਂ ਨੂੰ ਵਿਕਸਿਤ ਕਰਨ ਵਿੱਚ ਅਸਮਰੱਥ ਸਨ। ਅਸਲ ਵਿੱਚ ਧਰਮ-ਨਿਰਪੇਖਤਾ ਦੀ ਭਾਵਨਾ ਮਾਨਵਵਾਦ ਦੀ ਮੁੱਖ ਵਿਚਾਰ ਧਾਰਾ ਸੀ।
4. **ਪ੍ਰਯੋਗ ਦੀ ਮਹੱਤਤਾ (Importance of Practical)** ਤਰਕ ਵਿਚਾਰਾਂ ਦੀ ਪੁਸ਼ਟੀ ਦਾ ਗਿਆਨ ਕਰਦਾ ਹੈ। ਇਸ ਲਈ ਇਸ ਕਾਲ ਵਿੱਚ ਪ੍ਰਯੋਗ ਦਾ ਮਹੱਤਵ ਵਧਿਆ। ਰੋਜ਼ਰ ਬੈਂਕਨ (1214-1294 ਈ: ਦੇ ਸ਼ਬਦਾ ਵਿੱਚ ਅਸੀ ਗਿਆਨ ਦੋ ਤਰ੍ਹਾਂ ਦੇ ਨਾਲ ਪ੍ਰਾਪਤ ਕਰਦੇ ਹਾਂ- ਵਾਦ -ਵਿਵਾਦ ਅਤੇ ਪ੍ਰਯੋਗ ਦੁਆਰਾ। ਵਾਦ –ਵਿਵਾਦ ਨਾਲ ਪ੍ਰਸ਼ਨ ਦਾ ਅੰਤ ਹੋ ਜਾਂਦਾ ਹੈ ਅਤੇ ਅਸੀਂ ਵੀ ਉਸ ਤੇ ਵਿਚਾਰ ਕਰਨਾ ਬੰਦ ਕਰ ਦਿੰਦੇ ਹਾਂ ਪਰੰਤੂ ਇਸ ਵਿੱਚ ਸਬੂਤ ਨਹੀ ਹੁੰਦੇ। ਇਸ ਨਾਲ ਨਾ ਤਾਂ ਸ਼ੱਕ ਸਮਾਪਤ ਹੁੰਦਾ ਹੈ ਅਤੇ ਨਾ ਹੀ ਦਿਮਾਗ ਨੂੰ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਹ ਗੱਲ ਤੱਦ ਤੱਕ ਨਹੀਂ ਹੁੰਦੀ ਜਦ ਤੱਕ ਕਿ ਅਨੁਭਵ ਅਤੇ ਪ੍ਰਯੋਗ ਦੁਆਰਾ ਸੱਚ ਦੀ ਪ੍ਰਾਪਤੀ ਨਹੀ ਹੋ ਜਾਂਦੀ।
5. **ਵਿਅਕਤੀਵਾਦ (Individualism)** ਪੁਨਰ-ਜਾਗਰਣ ਦੀ ਚੋਥੀ ਵਿਸ਼ਸ਼ੇਤਾਂ ਵਿਅਕਤੀਵਾਦ ਦਾ ਜਨਮ ਸੀ। ਮਾਨਵਾਦ ਦੇ ਨਾਲ ਨਾਲ ਵਿਅਕਤੀ ਵਾਦ ਦਾ ਵੀ ਜਨਮ ਹੋਇਆ। ਹੁਣ ਤੱਕ ਸਾਮੰਤ ਵਾਦ ਦੇ ਪ੍ਰਭਾਵ ਦੇ ਕਾਰਨ ਵਿਅਕਤੀਵਾਦ ਦਾ ਆਪਣਾ ਕੋਈ ਅਸਥਾਨ ਨਹੀਂ ਸੀ। ਪਰ ਹੁਣ ਸਾਮੰਤਵਾਦ ਦੇ ਅੰਤ ਹੋਣ ਦੇ ਕਾਰਨ ਵਿਅਕਤੀਵਾਦ ਦੇ ਵਿਕਾਸ ਦਾ ਰਾਹ ਖੁੱਲ ਗਿਆ। ਇਸ ਨੇ ਆਪਣੇ ਮਨ ਨਾਲ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ
6. **ਸੁੰਦਰਤਾ ਦੀ ਉਪਾਸਨਾ (Worship of Beauty)** ਸੁੰਦਰਤਾ ਦੀ ਉਪਾਸਨਾ ਵੀ ਪੁਨਰ-ਜਾਗਰਣ ਦੀ ਪੰਜਵੀਂ ਵਿਸ਼ੇਸ਼ਤਾਂ ਸੀ। ਸੁੰਦਰਤਾ ਦੀ ਉਪਾਸਨਾ ਵਿੱਚ ਨਾ ਮਾਨਸਿਕ ਦਬਾਅ ਸੀ ਅਤੇ ਨਾ ਹੀ ਕੋਈ ਭੋਤਿਕ ਦਬਾ ਸੀ। ਕਲਾਕਾਰਾਂ ਨੇ ਆਪਣੀਆਂ ਮਨੋਹਰ ਕਿਰਤਾ ਵਿੱਚ ਮਨੁੱਖ ਦੀ ਮਨਮੋਹਣੀ ਤੇ ਸੁੰਦਰ ਸ਼ਕਲ ਨੂੰ ਦਰਸਾਉਣ ਦਾ

ਯਤਨ ਕੀਤਾ। ਮੋਨਾਲੀਸਾ ਦੀ ਮਨਮੋਹਣ ਵਾਲੀ ਜਾਦੂ ਭਰੀ ਮੁਸਕਾਨ ਅੱਜ ਵੀ ਮਨੁੱਖੀ ਹਿਰਦਿਆ ਨੂੰ ਉਸੀ ਤਰ੍ਹਾਂ ਧੂਹ ਪਾਉਂਦੀ ਹੈ।

## ਪੁਨਰਜਾਗਰਣ ਦੇ ਪ੍ਰਭਾਵ:-

### ਸਮਾਜਿਕ ਜੀਵਨ ਤੇ ਪ੍ਰਭਾਵ

- **ਜੀਵਨ ਲਈ ਨਵਾਂ ਦ੍ਰਿਸ਼ਟੀਕੋਣ**:- ਪੁਨਰ – ਜਾਗ੍ਰਿਤੀ ਤੋਂ ਪਹਿਲਾਂ ਮਨੁੱਖ ਦਾ ਜੀਵਨ ਲਈ ਦ੍ਰਿਸ਼ਟੀਕੋਣ ਬਹੁਤ ਨਿਰਾਸ਼ਾਵਾਦੀ ਅਤੇ ਬਝਵਾਂ –ਘੁਟਵਾਂ ਸੀ। ਉਹ ਜੀਵਨ ਨੂੰ ਨਾਸ਼ਵਾਨ ਸਮਝਦਾ ਤੇ ਇਸ ਜੀਵਨ ਨੂੰ ਆਉਣ ਵਾਲੇ ਜੀਵਨ ਨਾਲੋਂ ਬਹੁਤ ਬੁਰਾ ਸਮਝਦਾ ਸੀ। ਪਰ ਪੁਨਰ – ਜਾਗਰਣ ਨੇ ਮਨੁੱਖੀ ਦ੍ਰਿਸ਼ਟੀ ਕੋਣ ਵਿੱਚ ਢੇਰ ਪਰਿਵਰਤਨ ਲਿਆਦਾਂ। ਉਸ ਅੰਦਰ ਇਸ ਜੀਵਨ ਲਈ ਪਿਆਰ ਤੇ ਉਤਸ਼ਾਹ ਪੈਦਾ ਹੋ ਗਿਆ। ਉਸ ਨੂੰ ਪਤਾ ਲਗ ਗਿਆ ਕਿ ਅਗਲਾ ਜੀਵਨ ਤਾਂ ਕਿਸੇ ਨੇ ਦੇਖਿਆ ਨਹੀਂ ਹੈ, ਇਸ ਲਈ ਅਗਲੇ ਜੀਵਨ ਲਈ ਇਸ ਜੀਵਨ ਦਾ ਬਲੀਦਾਨ ਨਹੀ ਦੇਣਾ ਚਾਹੀਦਾ। ਉਸ ਨੂੰ ਇਸ ਜੀਵਨ ਦੀ ਮਹੱਤਤਾ ਦਾ ਪਤਾ ਲੱਗ ਗਿਆ , ਜਿਸ ਨਾਲ ਉਸ ਦਾ ਦ੍ਰਿਸ਼ਟੀਕੋਣ ਬਹੁਤ ਵਿਸ਼ਾਲ ਹੋ ਗਿਆ।
- **ਮੱਧ ਸ਼੍ਰੇਣੀ ਦਾ ਉਥਾਨ** :- ਮੱਧ ਯੁੱਗ ਦੇ ਸ਼ੁਰੂ ਵਿੱਚ ਯੂਰਪ ਦਾ ਸਮਾਜ, ਕੁਲੀਨਾਂ, ਸਾਮੰਤਾ , ਪਾਦਰੀਆਂ ਤੇ ਕਿਸਾਨਾ ਵਿੱਚ ਵੰਡੀਆ ਹੋਇਆ ਹੁੰਦਾ ਸੀ। ਉਸ ਸਮੇਂ ਮੱਧ ਸ਼੍ਰੇਣੀ ਹੋਂਦ ਵਿੱਚ ਨਹੀ ਸੀ ਆਈ । ਭੂਮੀ ਦੇ ਮਾਲਕ ਸਾਮੰਤ ਹੁੰਦੇ ਸਨ। ਹੋਲੀ ਹੋਲੀ ਧਰਮ ਯੁੱਧਾਂ ਕਾਰਨ ਸਾਮੰਤ ਸਾਹੀ ਖ਼ਤਮ ਹੁੰਦੀ ਗਈ। ਸ਼ਹਿਰੀ ਲੋਕ ਧਨ ਦੇ ਕੇ ਸਾਮੰਤਾਂ ਪਾਸੋ ਆਪਣੀ ਆਜ਼ਾਦੀ ਖਰੀਦ ਰਹੇ ਸਨ ਤਾਂ ਮੱਧ ਸ਼੍ਰੇਣੀ ਦੀ ਜਨਮ ਹੋ ਗਿਆ, ਪਰ ਪੁਨਰ –ਜਾਗ੍ਰਿਤੀ ਨੇ ਸਾਮੰਤ ਸਾਹੀ ਦੀ ਪ੍ਰਧਾਨਤਾ ਨੂੰ ਖ਼ਤਮ ਕੀਤਾ ਤੇ ਮੱਧ ਸ਼੍ਰੇਣੀ (ਵਿਉਪਾਰੀ ਤੇ ਸੈਨਿਕ) ਉੱਨਤੀ ਵੱਲ ਤੁੱਰ ਪਏ।

### ਧਾਰਮਿਕ ਜੀਵਨ ਤੇ ਪ੍ਰਭਾਵ

- **ਧਾਰਮਿਕ ਸੁਧਾਰ ਅੰਦੋਲਨ ਲਈ ਰਾਹ ਬਣਾ ਦਿੱਤਾ :-** ਇੰਗਲੈਂਡ ਵਿੱਚ ਧਾਰਮਿਕ ਸੁਧਾਰ ਅੰਦੋਲਨ ਲਈ ਪੁਨਰ –ਜਾਗਰਣ ਨੇ ਰਾਹ ਬਣਾ ਦਿੱਤਾ। ਇਸ ਨਾਲ ਲੋਕਾਂ ਦੀ ਤਰਕ ਸ਼ਕਤੀ ਵੱਧ ਗਈ। ਲੋਕ ਅੰਨ੍ਹੇਵਾਹ ਹਰ ਗੱਲ ਨੂੰ ਸਵੀਕਾਰ ਕਰਨ ਤੋਂ ਹੱਟ ਗਏ ਤੇ ਆਲੋਚਨਾਤਮਕ ਦ੍ਰਿਸ਼ਟੀ ਤੋਂ ਹਰ ਗੱਲ ਦੇਖਦੇ ਸਨ। ਇਸ ਤਰ੍ਹਾਂ ਦੀ ਹਾਲਤ ਤੇ ਵਾਤਾਵਰਨ ਵਿੱਚੋਂ ਧਰਮ ਕਿਵੇਂ ਨਿਰਲੇਪ ਰਹਿ ਸਕਦਾ ਸੀ। ਹੋਲੀ ਹੋਲੀ ਗਿਆਨ ਨੇ ਤਰਕ ਦੀ ਦ੍ਰਿਸ਼ਟੀ ਦੇ ਵਿਕਾਸ ਨਾਲ ਲੋਕਾਂ ਨੇ ਪੋਪ, ਪਾਦਰੀਆਂ ਤੇ ਧਾਰਮਿਕ ਨੇਤਾਵਾਂ ਦੀਆਂ ਬੁਰਾਈਆਂ ਤੇ ਦੋਸ਼ਾ ਨੂੰ ਖੁਲਮ – ਖੁਲਾ ਭੰਡਣਾ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਪੁਨਰ-ਜਾਗਰਣ ਨੇ ਇੰਗਲੈਂਡ ਵਿੱਚ ਧਾਰਮਿਕ ਸੁਧਾਰਾਂ ਲਈ ਰਸਤਾ ਬਣਾ ਦਿੱਤਾ।
- **ਅੰਧ ਵਿਸ਼ਵਾਸ ਤੇ ਵਹਿਮ ਜਾਂਦੇ ਰਹੇ :-** ਪੁਨਰ – ਜਾਗਰਣ ਨੇ ਲੋਕਾਂ ਅੰਦਰੋਂ ਧਾਰਮਿਕ ਅੰਧ – ਵਿਸ਼ਵਾਸ ਤੇ ਵਹਿਮਾ ਦਾ ਜਾਲ ਕੱਟ ਦਿੱਤਾ। ਉਹਨਾਂ ਨੂੰ ਇਹ ਗਿਆਨ ਹੋ ਗਿਆ ਕਿ ਪਾਦਰੀ ਤੇ ਪੋਪ ਉਹਨਾਂ ਵਰਗੇ ਹੀ ਹਨ। ਉਹਨਾਂ ਵਿੱਚ ਵੀ ਦੋਸ਼ ਤੇ ਬੁਰਾਈਆਂ ਹੋ ਸਕਦੀਆਂ ਹਨ। ਜੋ ਉਹ ਕਹਿੰਦੇ ਹਨ ਉਹ ਝੂਠ ਵੀ ਹੋ

ਸਕਦਾ ਹੈ। ਹੁਣ ਲੋਕਾਂ ਨੇ ਦੁਨਿਆਈ ਜੀਵਨ ਨੂੰ ਮਹੱਤਤਾ ਦੇਣੀ ਸ਼ੁਰੂ ਕਰ ਦਿੱਤੀ ਤੇ ਉਹਨਾਂ ਨੇ ਜੀਵਨ ਨੂੰ ਹੋਰ ਖੁਸ਼ੀਆਂ ਭਰਿਆ ਤੇ ਸੰਪਨ ਬਣਾਉਣ ਦੇ ਯਤਨ ਸ਼ੁਰੂ ਕਰ ਦਿੱਤੇ ।

## ਆਰਥਿਕ ਜੀਵਨ ਤੇ ਪ੍ਰਭਾਵ

- **ਵਪਾਰ ਤੇ ਉਦਯੋਗਾਂ ਵਿੱਚ ਉਨੱਤੀ :-** ਇਸ ਅੰਦੋਲਨ ਨੇ ਯੂਰਪ ਤੇ ਏਸ਼ੀਆਂ ਵਿਚਕਾਰ (ਧਰਮ-ਯੁੱਧ ਕਰਕੇ ) ਵਿਉਪਾਰ ਖੋਲ੍ਹ ਦਿੱਤਾ, ਜਿਸ ਨਾਲ ਅੰਤਰ-ਰਾਸ਼ਟਰੀ ਵਿਉਪਾਰੀ ਪੈਦਾ ਹੋ ਗਏ। ਵਿਉਪਾਰੀਆਂ ਨੇ ਸਾਂਝੀ ਰਾਸ ਪਾ ਕੇ ਕੰਪਨੀਆਂ ਬਣਾ ਲਈਆਂ, ਜਿਸ ਨਾਲ ਯੂਰਪ ਵਿੱਚ ਬਹੁਤ ਲੋਕ ਆਰਥਿਕ ਹਾਲਤ ਸੁਧਰ ਗਈ। ਕਈ ਤਰ੍ਹਾਂ ਦੇ ਧੰਦੇ ਕੁਝ ਉਦਯੋਗ ਕਰਨ ਨਾਲ ਆਮ ਲੋਕਾਂ ਦੀ ਆਰਥਿਕ ਹਾਲਤ ਪਹਿਲਾਂ ਨਾਲੋਂ ਚੰਗੀ ਹੋ ਗਈ। ਧਨ ਸਾਮੰਤਾਂ ਪਾਸੋ ਨਿਕਲ ਕੇ ਆਮ ਜਨਤਾ ਪਾਸ ਆ ਗਿਆ।
- **ਨਵੀਆਂ ਬਸਤੀਆਂ ਨੇ ਰੂਪ ਧਾਰਨਾ :-** ਪੁਨਰ –ਜਾਗਰਣ ਦੀ ਖੋਜ ਭਾਵਨਾਂ ਨੇ ਦੂਰ-ਦੂਰ ਤਾਈਂ ਗੈਰ – ਈਸਾਈ ਇਲਾਕਿਆਂ ਦੀਆਂ ਭੂਗੋਲਿਕ ਖੋਜਾਂ ਕੀਤੀਆਂ। ਦੂਰ ਦੂਰ ਦੀਆਂ ਯਾਤਰਾਂ ਕੀਤੀਆਂ। ਨਵੇਂ ਦੇਸ਼ਾਂ ਵਿੱਚ ਉਹਨਾਂ ਨੂੰ ਆਪਣੇ ਮਾਲ ਵੇਚਣ ਲਈ ਮੰਡੀਆਂ ਮਿਲ ਗਈਆਂ। ਇਸ ਲਈ ਯੂਰਪ ਦੇ ਲੋਕਾਂ ਨੇ ਏਸ਼ੀਆਂ, ਅਫਰੀਕਾ ਤੇ ਅਮਰੀਕਾ ਵਿੱਚ ਆਪਣੀਆਂ ਨਵੀਆਂ ਬਸਤੀਆਂ ਵਸਾਉਣੀਆਂ ਸ਼ੁਰੂ ਕਰ ਦਿੱਤੀਆਂ।

## ਰਾਜਨੀਤਿਕ ਜੀਵਨ ਤੇ ਪ੍ਰਭਾਵ

- **ਰਾਸ਼ਟਰੀ ਭਾਵਨਾ ਦਾ ਵਿਕਾਸ :-** ਮੱਧ ਕਾਲ ਵਿੱਚ ਵਿਕਾਸ ਪੋਪ ਅਤੇ ਸਾਮੰਤ ਰਾਸ਼ਟਰੀ ਭਾਵਨਾ ਦੇ ਜਨਮ ਤੇ ਵਿਕਾਸ ਵਿੱਚ ਬਹੁਤ ਭਾਰੀ ਰੋੜਾ ਸੀ, ਪਰ ਪੁਨਰ ਜਾਗਰਣ ਕਾਰਨ ਲੋਕਾਂ ਵਿੱਚ ਸਿੱਖਿਆ ਦਾ ਬਹੁਤ ਪ੍ਰਚਾਰ ਹੋਇਆ। ਇਸ ਲਈ ਲੋਕ ਪਾਧਰੀ ਤੋ ਪੋਪ ਦਾ ਦਖਲ ਅੰਦਾਜੀ ਕਰਨਾ ਨਹੀ ਸਹਿ ਸਕਦੇ । ਹੁਣ ਉਹ ਜਾਗੀਰਦਾਰਾ ਦੀਆਂ ਵਧੀਕੀਆਂ ਨਹੀ ਸਹਿ ਸਕਦੇ ਸਨ । ਇਸ ਤਰ੍ਹਾਂ ਹੋਲੀ ਹੋਲੀ ਸਾਰੇ ਯੂਰਪ ਵਿੱਚ ਆਪਣੀ ਕੋਮ ਤੇ ਆਪਣੇ ਦੇਸ਼ਾ ਦਾ ਵਿਚਾਰ ਆਉਂਦਾ ਗਿਆ, ਜਿਸ ਨਾਲ ਰਾਸ਼ਟਰੀ ਭਾਵਨਾ ਦਾ ਵਿਕਾਸ ਹੁੰਦਾ ਗਿਆ।
- **ਯੁੱਧ ਕਲਾ ਵਿੱਚ ਪਰਿਵਰਤਨ :- ਪੁਨਰ** – ਜਾਗਰਣ ਦੇ ਪ੍ਰਭਾਵ ਦੇ ਫਲਸਰੂਪ ਯੁੱਧ ਕਲਾਂ ਵਿੱਚ ਢੇਰ ਪਰਿਵਰਤਨ ਆਏ। ਮੱਧ ਕਾਲ ਵਿੱਚ ਯੁੱਧ ਸਮੇਂ ਭਾਲੇ , ਨੇਜੇ ਤੇ ਤਲਵਾਰਾਂ ਆਦਿ ਦੀ ਵਰਤੋਂ ਹੁੰਦੀ ਸੀ। ਗੋਲਾ ਬਾਰੂਦ ਦੀ ਕਾਢ ਨਾਲ ਬੰਦੂਕਾਂ ਤੇ ਤੋਪਾਂ ਦੀ ਵਰਤੋਂ ਯੁੱਧ ਵਿੱਚ ਹੋਣ ਲੱਗ ਗਈ। ਇਹਨਾਂ ਯੁੱਧ ਕਲਾਂ ਦੇ ਪਰਿਵਰਤਨਾਂ ਦੇ ਨਾਲ ਹੀ ਸ਼ਕਤੀਸ਼ਾਲੀ ਯੂਰਪੀ ਦੇਸ਼ਾਂ ਨੇ ਪੂਰਬੀ ਦੇਸ਼ ਵਿੱਚ ਬਸਤੀਆਂ ਦੀ ਸਥਾਪਨਾ ਕਰ ਲਈ ਸੀ।

## ਸਭਿਆਚਾਰਕ ਜੀਵਨ ਦੇ ਪ੍ਰਭਾਵ

- **ਸਿੱਖਿਆ ਨੂੰ ਉਤਸਾਹ :-** ਪੁਨਰ ਜਾਗਰਣ ਕਾਲ ਵਿੱਚ ਸਾਹਿਤ ਤੇ ਸਿੱਖਿਆ ਨੂੰ ਬਹੁਤ ਉਤਸਾਹ ਮਿਲਿਆ। ਯੂਨਾਨੀ ਤੇ ਲਾਤਾਨੀ ਭਾਸ਼ਾਵਾਂ ਦੀ ਪੜ੍ਹਾਈ ਲਈ ਸਕੂਲ ਤੇ ਕਾਲਜ ਖੋਲ੍ਹੇ ਗਏ, ਜਿਸ ਕਾਰਨ ਸਿੱਖਿਆ ਵਿੱਚ ਉਨੱਤੀ ਹੋਈ। ਸਿੱਖਿਆ ਦੇ ਵਿਕਾਸ ਲਈ ਜਰਮਨੀ ਵਿੱਚ ਯੂਨੀਵਰਸਿਟੀਆਂ ਸਥਾਪਿਤ ਕੀਤੀਆਂ ਗਈਆਂ। ਛਾਪੇ-ਖਾਨੇ ਦੀ ਕਾਢ ਨੇ ਪਾਠ –ਪੁਸਤਕਾਂ ਪ੍ਰਕਾਸ਼ਿਤ ਕਰਨ ਵਿੱਚ ਸੋਖ ਪੈਦਾ ਕਰ ਦਿੱਤੀ। ਵਿਦਿਆਰਥੀਆਂ ਨੂੰ ਲਾਤੀਨੀ ਸਾਹਿਤ ਤੇ ਯੂਨਾਨੀ ਸਾਹਿਤ ਤੋ ਬਿਨਾਂ ਇਤਿਹਾਸ, ਰਾਜਨੀਤਿਕ ਸ਼ਾਸਤਰ, ਭੂਗੋਲ ,ਸੰਗੀਤ,

ਰਸਾਇਣ , ਸ਼ਾਸਤਰ, ਗਣਿਤ ਆਦਿ ਵਿਸ਼ੇ ਵੀ ਪੜਾਏ ਜਾਣ ਲੱਗ ਗਏ। ਇਹਨਾਂ ਯਤਨਾਂ ਨਾਲ ਸਿੱਖਿਆ ਦਾ ਬਹੁਤ ਵਿਕਾਸ ਹੋਇਆ।

- **ਭੂਗੋਲਿਕ ਖੋਜਾਂ :-** ਪੁਨਰ – ਜਾਗਰਣ ਦੇ ਕਾਲ ਵਿੱਚ ਬਹੁਤ ਸਾਰੀਆਂ ਨਵੀਆਂ ਭੂਗੋਲਿਕ ਖੋਜਾਂ ਹੋਈਆਂ। ਮੈਗੇਲਨ, ਵਾਸਕੋਡੀਗਾਮਾ, ਕੈਬਟ ਆਦਿ ਨਾਵਕਾਂ ਨੇ ਭਾਰਤ , ਅਮਰੀਕਾ , ਕੈਨੇਡਾ ਤੇ ਅਫਰੀਕਾ ਆਦਿ ਦੇਸ਼ਾਂ ਲਈ ਪਹੁੰਚਣ ਲਈ ਨਵੇਂ ਮਾਰਗ ਲਭੇ। ਇਹਨਾਂ ਭਗੋਲਿਕ ਖੋਜਾਂ ਨਾਲ ਵਿਉਪਾਰ ਵਧਿਆ ਫੁਲਿਆ ਤੇ ਉਪ ਨਿਵੇਸ਼ ਦੇ ਯੁੱਗ ਲਈ ਸੌਖ ਪੈਦਾ ਹੋ ਗਈ।
- **ਸਿੱਟਾ:– ਪੁਨਰ ਜਾਗ੍ਰਿਤੀ ਲਹਿਰ ਨੇ ਲੋਕਾਂ ਨੂੰ ਤਰਕਸ਼ੀਲ ਅਤੇ ਭੌਤਿਕਵਾਦੀ ਬਣਾ ਦਿੱਤਾ ਸੀ।ਹੁਣ ਉਹ ਪਰਲੋਕ ਸੁਧਾਰਨ ਵੱਲ ਘੱਟ ਅਤੇ ਵਰਤਮਾਨ ਜੀਵਨ ਨੂੰ ਸੁਖੀ ਅਤੇ ਅਨੰਦਮਈ ਬਣਾਉਣ ਦੇ ਉਪਰਾਲੇ ਕਰਨ ਲੱਗੇ।ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੁਨਰ ਜਾਗ੍ਰਿਤੀ ਲਹਿਰ ਨੇ ਯੂਰਪ ਵਿੱਚ ਇਕ ਨਵੀਨ ਯੁੱਗ ਲੈ ਆਂਦਾ।ਇਹ ਨਵਾਂ ਯੁੱਗ ਮੱਧਕਾਲ ਤੋਂ ਉੱਕਾ ਹੀ ਹੋਰ ਤਰ੍ਹਾਂ ਦਾ ਸੀ।ਮੱਧਕਾਲ ਸਮਾਪਤ ਹੋ ਗਿਆ, ਆਧੁਨਿਕ ਕਾਲ ਆਰੰਭ ਹੋਇਆ।ਇਸ ਦਾ ਮਨੁੱਖ ਦੇ ਜੀਵਨ ਦੇ ਹਰ ਪੱਖ ਉੱਤੇ ਪ੍ਰਭਾਵ ਪਿਆ ਅਤੇ ਉਸ ਦਾ ਦ੍ਰਿਸ਼ਟੀਕੋਣ ਹੀ ਬਦਲ ਦਿੱਤਾ।**

**Dr. Harminder Kaur**
**History Deptt.**
**Akal Degree College**
**Mastuana Sahib**